हिन्दुस्तान पेट्रोलियम HP | इंडियनऑयल IndianOil | Bharat Petroleum | स्वच्छ भारत एक कदम स्वच्छता की ओर

# ਪੰਜਾਬ ਰਾਜ ਵਿਚ ਐੱਲ . ਪੀ . ਜੀ . ਡਿਸਟ੍ਰੀਬਿਊਟਰਾਂ ਦੀ ਨਿਯੁਕਤੀ ਲਈ ਸੂਚਨਾ

ਇੰਡੀਅਨ ਆਇਲ ਕਾਰਪੋਰੇਸ਼ਨ ਲਿਮਟਿਡ (ਆਈ. ਓ. ਸੀ. ਐੱਲ.), ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ (ਬੀ. ਪੀ. ਸੀ. ਐੱਲ.) ਅਤੇ ਹਿੰਦੋਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ (ਐੱਚ. ਪੀ. ਸੀ. ਐੱਲ) ਪੰਜਾਬ ਰਾਜ ਵਿਚ ਹੇਠ ਲਿਖੀਆਂ ਵੱਖ-ਵੱਖ ਸ਼੍ਰੇਣੀਆਂ ਨਾਲ ਸੰਬੰਧਤ ਉਮੀਦਵਾਰਾਂ ਤੋਂ ਹੇਠਾਂ ਦਿੱਤੇ ਸਥਾਨਾਂ 'ਤੇ ਵੱਖ-ਵੱਖ ਸ਼੍ਰੇਣੀਆਂ ਦੇ ਤਹਿਤ ਐੱਲ. ਪੀ. ਜੀ. ਡਿਸਟ੍ਰੀਬਿਊਟਰਾਂ ਦੀ ਨਿਯੁਕਤੀ ਲਈ ਪ੍ਰਸਤਾਵ ਕਰਦੇ ਹਨ।

| ਲੜੀ ਨੰ. | ਤੇਲ ਕੰਪਨੀ | ਸਥਾਨ ਦਾ ਨਾਂ (ਜਿਥੇ ਲਾਗੂ ਹੋਵੇ, ਉਥੇ ਸਥਾਨਕ ਵੇਰਵੇ ਦੇ ਨਾਲ) | ਗ੍ਰਾਮ ਪੰਚਾਇਤ | ਬਲਾਕ | ਜ਼ਿਲਾ | ਸ਼੍ਰੇਣੀ** | ਬਾਜ਼ਾਰ ਦੀ ਕਿਸਮ— ਦਿਹਾਤੀ/ਦੂਰ-ਦੁਰਾਡੇ ਖੇਤਰੀ ਡਿਸਟ੍ਰੀਬਿਊਟਰ (ਡੀ. ਕੇ. ਵੀ.) | ਜ਼ਮਾਨਤ ਰਕਮ (ਲੱਖਾਂ 'ਚ) | ਮਾਰਕੀਟਿੰਗ ਪਲਾਨ |
|---|---|---|---|---|---|---|---|---|---|
| 1 | ਬੀ ਪੀ ਸੀ | ਨੰਦਪੁਰ/ਕਲੌੜ | ਨੰਦਪੁਰ/ਕਲੌੜ | ਬੱਸੀ ਪਠਾਣਾਂ | ਫਤਿਹਗੜ੍ਹ ਸਾਹਿਬ | ਐੱਸ ਸੀ | ਦਿਹਾਤੀ | 2 | 2016–17 |
| 2 | ਬੀ ਪੀ ਸੀ | ਗੜ੍ਹੀਵਾਲ | ਗੜ੍ਹੀਵਾਲ | ਗੜ੍ਹਸ਼ੰਕਰ | ਹੁਸ਼ਿਆਰਪੁਰ | ਓ | ਦਿਹਾਤੀ | 4 | 2016–17 |
| 3 | ਬੀ ਪੀ ਸੀ | ਕੁਲਾਰ | ਕੁਲਾਰ | ਨਕੋਦਰ | ਜਲੰਧਰ | ਓ ਬੀ ਸੀ | ਦਿਹਾਤੀ | 3 | 2016–17 |
| 4 | ਬੀ ਪੀ ਸੀ | ਰਾਮਗੜ੍ਹ ਸਰਦਾਰਾਂ | ਰਾਮਗੜ੍ਹ ਸਰਦਾਰਾਂ | ਡੇਹਲੋਂ | ਲੁਧਿਆਣਾ | ਓ | ਦਿਹਾਤੀ | 4 | 2016–17 |
| 5 | ਬੀ ਪੀ ਸੀ | ਸਵਾੜੀ ਕਲਾਂ | ਸਵਾੜੀ ਕਲਾਂ | ਸਿੱਧਵਾਂ ਬੇਟ | ਲੁਧਿਆਣਾ | ਓ ਬੀ ਸੀ (ਡਬਲਯੂ) | ਦਿਹਾਤੀ | 3 | 2016–17 |
| 6 | ਬੀ ਪੀ ਸੀ | ਸਰੋਆ | ਸਰੋਆ | ਸਰੋਆ | ਐੱਸ ਬੀ ਐੱਸ ਨਗਰ | ਓ (ਡਬਲਯੂ) | ਦਿਹਾਤੀ | 4 | 2016–17 |
| 7 | ਐੱਚ ਪੀ ਸੀ | ਚੌਗਾਵਾਂ | ਭਗਵਾਨ | ਅਜਨਾਲਾ | ਅੰਮ੍ਰਿਤਸਰ | ਐੱਸ ਸੀ | ਦਿਹਾਤੀ | 2 | 2016–17 |
| 8 | ਐੱਚ ਪੀ ਸੀ | ਬਛੋਆ | ਬਛੋਆ | ਅਜਨਾਲਾ | ਅੰਮ੍ਰਿਤਸਰ | ਐੱਸ ਸੀ ਡਬਲਯੂ | ਦਿਹਾਤੀ | 2 | 2016–17 |
| 9 | ਐੱਚ ਪੀ ਸੀ | ਫਿਰੋਜ਼ਸ਼ਾਹ | ਫਿਰੋਜ਼ਸ਼ਾਹ | ਘੱਲ ਖੁਰਦ | ਫਿਰੋਜ਼ਪੁਰ | ਓ | ਦਿਹਾਤੀ | 4 | 2016–17 |
| 10 | ਐੱਚ ਪੀ ਸੀ | ਰਾਏਪੁਰ | ਰਾਏਪੁਰ | ਝੁਨੀਰ | ਮਾਨਸਾ | ਓ ਬੀ ਸੀ | ਦਿਹਾਤੀ | 3 | 2016–17 |
| 11 | ਐੱਚ ਪੀ ਸੀ | ਲੁਭਾਣਿਆਂਵਾਲੀ | ਲੁਭਾਣਿਆਂਵਾਲੀ | ਮੁਕਤਸਰ | ਮੁਕਤਸਰ | ਓ (ਡਬਲਯੂ) | ਦਿਹਾਤੀ | 4 | 2016–17 |
| 12 | ਐੱਚ ਪੀ ਸੀ | ਸਰਾਏ ਅਮਾਨਤ ਖਾਂ | ਸਰਾਏ ਅਮਾਨਤ ਖਾਂ | ਤਰਨਤਾਰਨ | ਤਰਨਤਾਰਨ | ਓ | ਦਿਹਾਤੀ | 4 | 2016–17 |
| 13 | ਆਈ ਓ ਸੀ | ਕੋਹਾਲੀ | ਕੋਹਾਲੀ | ਅਜਨਲਾ | ਅੰਮ੍ਰਿਤਸਰ | ਐੱਸ ਸੀ | ਦਿਹਾਤੀ | 2 | 2016–17 |
| 14 | ਆਈ ਓ ਸੀ | ਲੋਪੋਕੇ | ਲੋਪੋਕੇ | ਚੌਗਾਵਾਂ | ਅੰਮ੍ਰਿਤਸਰ | ਓ ਬੀ ਸੀ | ਦਿਹਾਤੀ | 3 | 2016–17 |
| 15 | ਆਈ ਓ ਸੀ | ਮਾਨਾਂਵਾਲਾ | ਮਾਨਾਂਵਾਲਾ | ਜੰਡਿਆਲਾ ਗੁਰੂ | ਅੰਮ੍ਰਿਤਸਰ | ਓ (ਡਬਲਯੂ) | ਦਿਹਾਤੀ | 4 | 2016–17 |
| 16 | ਆਈ ਓ ਸੀ | ਬਾਗੜੀਆਂ 714 | ਬਾਗੜੀਆਂ 714 | ਕਾਹਨੂੰਵਾਨ | ਗੁਰਦਾਸਪੁਰ | ਓ ਬੀ ਸੀ | ਦਿਹਾਤੀ | 3 | 2016–17 |
| 17 | ਆਈ ਓ ਸੀ | ਭਮਬੋਈ | ਭਮਬੋਈ | ਸ੍ਰੀ ਹਰਿਗੋਬਿੰਦਪੁਰ | ਗੁਰਦਾਸਪੁਰ | ਓ ਬੀ ਸੀ (ਡਬਲਯੂ) | ਦਿਹਾਤੀ | 3 | 2016–17 |
| 18 | ਆਈ ਓ ਸੀ | ਸੁੰਚ | ਸੁੰਚ | ਕਾਹਨੂੰਵਾਨ | ਗੁਰਦਾਸਪੁਰ | ਓ ਬੀ ਸੀ (ਜੀ ਪੀ) | ਦਿਹਾਤੀ | 3 | 2016–17 |
| 19 | ਆਈ ਓ ਸੀ | ਹਰਸੇ ਮਾਨਸਰ | ਹਰਸੇ ਮਾਨਸਰ | ਮੁਕੇਰੀਆਂ | ਹੁਸ਼ਿਆਰਪੁਰ | ਓ | ਦਿਹਾਤੀ | 4 | 2016–17 |
| 20 | ਆਈ ਓ ਸੀ | ਉੱਗੀ | ਉੱਗੀ | ਨਕੋਦਰ | ਜਲੰਧਰ | ਐੱਸ ਸੀ (ਜੀ ਪੀ) | ਦਿਹਾਤੀ | 2 | 2016–17 |
| 21 | ਆਈ ਓ ਸੀ | ਭਾਈ ਰੂਪਾ | ਭਾਈ ਰੂਪਾ | ਫੂਲ | ਬਠਿੰਡਾ | ਐੱਸ ਸੀ | ਦਿਹਾਤੀ | 2 | 2016–17 |
| 22 | ਆਈ ਓ ਸੀ | ਬਹਿਲੋਲਪੁਰ | ਬਹਿਲੋਲਪੁਰ | ਮਾਛੀਵਾੜਾ | ਲੁਧਿਆਣਾ | ਓ (ਜੀ ਪੀ) | ਦਿਹਾਤੀ | 4 | 2016–17 |
| 23 | ਆਈ ਓ ਸੀ | ਭਾਦਸੋਂ | ਭਾਦਸੋਂ | ਨਾਭਾ | ਪਟਿਆਲਾ | ਓ (ਡਬਲਯੂ) | ਦਿਹਾਤੀ | 4 | 2016–17 |
| 24 | ਆਈ ਓ ਸੀ | ਜਸੋਮਾਜਰਾ | ਜਸੋਮਾਜਰਾ | ਨਾਭਾ | ਪਟਿਆਲਾ | ਓ | ਦਿਹਾਤੀ | 4 | 2016–17 |
| 25 | ਆਈ ਓ ਸੀ | ਨਨਹੇੜਾ | ਨਨਹੇੜਾ | ਸਮਾਣਾ | ਪਟਿਆਲਾ | ਓ (ਸੀ ਸੀ) | ਦਿਹਾਤੀ | 4 | 2016–17 |
| 26 | ਬੀ ਪੀ ਸੀ | ਭਾਲਨ | ਭਾਲਨ | ਆਨੰਦਪੁਰ ਸਾਹਿਬ | ਰੂਪਨਗਰ | ਓ | ਡੀ ਕੇ ਵੀ | 4 | 2016–17 |

** ਵਰਤੀ ਗਈ ਨਾਵਾਂਵਲੀ ਹੇਠ ਲਿਖੇ ਅਨੁਸਾਰ ਹੈ :—

ਓ -ਖੁੱਲ੍ਹੀ ਸ਼੍ਰੇਣੀ

ਐੱਸ ਸੀ/ਐੱਸ ਟੀ — ਅਨੁਸੂਚਿਤ ਜਾਤੀ ਸ਼੍ਰੇਣੀ/ਅਨੁਸੂਚਿਤ ਜਨਜਾਤੀ ਸ਼੍ਰੇਣੀ

ਓ ਬੀ ਸੀ — ਹੋਰ ਪਿੱਛੜਾ ਵਰਗ ਸ਼੍ਰੇਣੀ

ਐੱਸ ਸੀ/ਐੱਸ ਟੀ (ਜੀ ਪੀ) — ਸਾਬਕਾ ਫੌਜੀ, ਕੇਂਦਰੀ/ਰਾਜ ਸਰਕਾਰ ਦੇ ਮੁਲਾਜ਼ਮ ਅਤੇ ਕੇਂਦਰ/ਰਾਜ ਦੇ ਜਨਤਕ ਖੇਤਰ ਦੇ ਅਦਾਰਿਆਂ ਦੇ ਮੁਲਾਜ਼ਮਾਂ ਸਮੇਤ ਸਰਕਾਰੀ ਮੁਲਾਜ਼ਮ ਜਿਹੜੇ ਐੱਸ ਸੀ/ਐੱਸ ਟੀ ਸ਼੍ਰੇਣੀ ਵਿਚ ਆਉਂਦੇ ਹਨ।

ਓ ਬੀ ਸੀ (ਜੀ ਪੀ)— ਸਾਬਕਾ ਫੌਜੀ, ਕੇਂਦਰੀ/ਰਾਜ ਸਰਕਾਰ ਦੇ ਕਰਮਚਾਰੀ ਅਤੇ ਕੇਂਦਰ/ਰਾਜ ਦੇ ਜਨਤਕ ਖੇਤਰ ਦੇ ਅਦਾਰਿਆਂ ਦੇ ਮੁਲਾਜ਼ਮਾਂ ਸਮੇਤ ਸਰਕਾਰੀ ਮੁਲਾਜ਼ਮ ਜਿਹੜੇ ਓ ਬੀ ਸੀ ਸ਼੍ਰੇਣੀ ਵਿਚ ਆਉਂਦੇ ਹਨ।

ਓ (ਜੀ ਪੀ)—ਸਾਬਕਾ ਫੌਜੀ, ਕੇਂਦਰ, ਰਾਜ ਸਰਕਾਰ ਦੇ ਮੁਲਾਜ਼ਮ ਅਤੇ ਕੇਂਦਰ/ਰਾਜ ਦੇ ਜਨਤਕ ਖੇਤਰ ਦੇ ਅਦਾਰਿਆਂ ਦੇ ਮੁਲਾਜ਼ਮਾਂ ਸਮੇਤ ਸਰਕਾਰੀ ਮੁਲਾਜ਼ਮ ਜਿਹੜੇ ਖੁੱਲ੍ਹੀ ਸ਼੍ਰੇਣੀ ਵਿਚ ਆਉਂਦੇ ਹਨ।

ਐੱਸ ਸੀ/ਐੱਸ ਟੀ (ਪੀ ਐੱਚ)—ਸਰੀਰਕ ਅਪਾਹਜ (ਅੰਗਹੀਣ ਵਿਅਕਤੀ) ਜੋ ਕਿ ਐੱਸ ਸੀ/ਐੱਸ ਟੀ ਸ਼੍ਰੇਣੀ ਵਿਚ ਆਉਂਦੇ ਹਨ।

ਓ ਬੀ ਸੀ (ਪੀ ਐੱਚ)— ਸਰੀਰਕ ਅਪਾਹਜ (ਅੰਗਹੀਣ ਵਿਅਕਤੀ) ਜੋ ਕਿ ਓ ਬੀ ਸੀ ਸ਼੍ਰੇਣੀ ਵਿਚ ਆਉਂਦੇ ਹਨ।

ਓ (ਪੀ ਐੱਚ) — ਸਰੀਰਕ ਅਪਾਹਜ (ਅੰਗਹੀਣ ਵਿਅਕਤੀ) ਜੋ ਕਿ ਖੁੱਲ੍ਹੀ ਸ਼੍ਰੇਣੀ ਵਿਚ ਆਉਂਦੇ ਹਨ।

ਓ (ਸੀ ਸੀ)— ਸਾਂਝੀ ਸ਼੍ਰੇਣੀ ਜਿਸ 'ਚ ਪ੍ਰਸਿੱਧ ਖਿਡਾਰੀ (ਓ ਐੱਸ ਪੀ) ਅਤੇ ਆਜ਼ਾਦੀ ਘੁਲਾਟੀਏ ਜੋ ਕਿ ਖੁੱਲ੍ਹੀ ਸ਼੍ਰੇਣੀ ਵਿਚ ਆਉਂਦੇ ਹਨ।

ਐੱਸ ਸੀ/ਐੱਸ ਟੀ (ਡਬਲਯੂ)— ਔਰਤਾਂ ਜੋ ਐੱਸ ਸੀ/ਐੱਸ ਟੀ ਸ਼੍ਰੇਣੀ ਵਿਚ ਆਉਂਦੀਆਂ ਹਨ।

ਓ ਬੀ ਸੀ (ਡਬਲਯੂ)— ਔਰਤਾਂ ਜੋ ਓ ਬੀ ਸੀ ਸ਼੍ਰੇਣੀ ਵਿਚ ਆਉਂਦੀਆਂ ਹਨ।

ਓ (ਡਬਲਯੂ)— ਔਰਤਾਂ ਜੋ ਕਿ ਖੁੱਲ੍ਹੀ ਸ਼੍ਰੇਣੀ ਵਿਚ ਆਉਂਦੀਆਂ ਹਨ।

1. ਯੋਗਤਾ, ਐੱਲ ਪੀ ਜੀ ਗੋਦਾਮ ਦੇ ਲਈ ਜ਼ਮੀਨ ਦੇ ਬੁਨਿਆਦੀ ਢਾਂਚੇ ਸੰਬੰਧੀ ਜ਼ਰੂਰਤਾਂ, ਗੋਦਾਮ ਤਕ ਜਾਣ ਲਈ ਪਹੁੰਚ ਮਾਰਗ ਦਾ ਵੇਰਵਾ, ਸ਼ੋਅਰੂਮ, ਸਿਲੰਡਰ ਦੀ ਹੋਮ ਡਲਿਵਰੀ ਦੇ ਲਈ ਢਾਂਚਾ ਆਦਿ ਦੇ ਵੇਰਵੇ ਸਮੇਤ ਚੋਣ ਪ੍ਰਕਿਰਿਆ ਸੰਬੰਧੀ ਵਿਸਤ੍ਰਿਤ ਜਾਣਕਾਰੀ ਕਿਤਾਬਚੇ ਵਿਚ ਦਿੱਤੀ ਗਈ ਹੈ। ਇਸ ਕਿਤਾਬਚੇ ਦੀ ਧਾਰਾ 6 ਵਿਚ ਦਰਸਾਏ ਗਏ ਪਤੇ ਤੋਂ ਰੁਪਏ 50 ਦਾ ਭੁਗਤਾਨ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਕਿਤਾਬਚਾ ਆਈ ਓ ਸੀ ਐੱਲ, ਬੀ ਪੀ ਸੀ ਐੱਲ ਅਤੇ ਐੱਚ ਪੀ ਸੀ ਐੱਲ ਦੀ ਵੈੱਬਸਾਈਟ ਤੋਂ ਵੀ ਮੁਫਤ ਡਾਊਨਲੋਡ ਕੀਤਾ ਜਾ ਸਕਦਾ ਹੈ ਅਰਥਾਤ : **www.iocl.com, www.ebharatgas.com, www.bharatpetroleum.in, www.hindustanpetroleum.com** ਅਤੇ **www.lpgvitarakchayan.in**
2. ਸ਼ਹਿਰੀ ਡਿਸਟ੍ਰੀਬਿਊਟਰ ਅਤੇ ਦਿਹਾਤੀ ਡਿਸਟ੍ਰੀਬਿਊਟਰ ਦੇ ਲਈ ਯੋਗਤਾ ਮਾਪਦੰਡ ਪੂਰਾ ਕਰਨ ਵਾਲੇ ਸਾਰੇ ਬਿਨੈਕਾਰਾਂ ਵਲੋਂ ਵੈੱਬਸਾਈਟ **www.lpgvitarakchayan.in** ਉੱਪਰ ਦਰਜ ਕਰਕੇ ਆਨਲਾਈਨ ਅਰਜ਼ੀ ਪੇਸ਼ ਕਰਨਾ ਜ਼ਰੂਰੀ ਹੈ।
3. ਦੂਰ-ਦੁਰਾਡੇ ਖੇਤਰੀ ਡਿਸਟ੍ਰੀਬਿਊਸ਼ਨ ਸਥਾਨਾਂ ਦੇ ਮਾਮਲੇ ਵਿਚ ਅਰਜ਼ੀ ਪ੍ਰੋਫਾਰਮਾ ਪਤਾ ਹੇਠਾਂ ਕਿਤਾਬਚੇ ਦੇ ਨਾਲ ਪੈਰਾ 8 ਵਿਚ ਵਰਣਿਤ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਕਿਤਾਬਚਾ ਆਈ. ਓ. ਸੀ. ਐੱਲ., ਬੀ. ਪੀ. ਸੀ. ਐੱਲ. ਅਤੇ ਐੱਚ.ਪੀ.ਸੀ.ਐੱਲ.ਦੀ ਵੈੱਬਸਾਈਟ **www.iocl.com, www.ebharatgas.com, www.bharat-petroleum.in, www.hindustanpetroleum.com** ਅਤੇ **www.lpgvitarakchayan.in** 'ਤੇ ਵੀ ਹੋਸਟ ਕੀਤੀ ਹੈ।
4. ਦੂਰ-ਦੁਰਾਡੇ ਖੇਤਰੀ ਡਿਸਟ੍ਰੀਬਿਊਟਰ ਦੇ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਨ ਵਾਲੇ ਸਾਰੇ ਵਿਅਕਤੀ ਪ੍ਰੋਫਾਰਮੇ ਦੇ ਅਨੁਸਾਰ ਆਪਣੀ ਅਰਜ਼ੀ ਜਮ੍ਹਾ ਕਰ ਸਕਦੇ ਹਨ। ਸਾਦੇ ਕਾਗਜ਼ ਉੱਪਰ ਅਰਜ਼ੀ, ਜੇ ਹੋ ਸਕੇ ਤਾਂ ਟਾਈਪ ਕੀਤਾ ਹੋਇਆ ਜਾਂ ਹੱਥ ਲਿਖਤ ਹੋਣ 'ਤੇ ਸਾਫ ਲਿਖਾਈ ਵਿਚ ਦਿੱਤੇ ਗਏ ਪ੍ਰੋਫਾਰਮੇ ਦੇ ਅਨੁਸਾਰ ਹੋਣੀ ਚਾਹੀਦੀ ਹੈ।
5. ਅਰਜ਼ੀ ਦੇਣ ਦੇ ਸਮੇਂ ਡਿਸਟ੍ਰੀਬਿਊਟਰ ਵੱਖ-ਵੱਖ ਸਥਾਨਾਂ ਲਈ ਅਰਜ਼ੀ ਦੇ ਸਕਦਾ ਹੈ, ਜਿਸ ਦੇ ਲਈ ਹਰੇਕ ਸਥਾਨ ਲਈ ਉਸ ਨੂੰ ਵੱਖਰੇ ਤੌਰ 'ਤੇ ਅਰਜ਼ੀ ਦੇ ਨਾਲ ਲਾਗੂ ਅਰਜ਼ੀ ਫੀਸ ਦੇਣੀ ਪਵੇਗੀ।
6. ਸ਼ਹਿਰੀ ਡਿਸਟ੍ਰੀਬਿਊਟਰ, ਦਿਹਾਤੀ ਡਿਸਟ੍ਰੀਬਿਊਟਰ ਅਤੇ ਦੂਰ-ਦੁਰਾਡੇ ਡਿਸਟ੍ਰੀਬਿਊਟਰ ਦੇ ਲਈ ਅਰਜ਼ੀ ਅਮੋੜਵੀਂ (Non-refundable) ਅਰਜ਼ੀ ਫੀਸ ਦੇ ਨਾਲ ਹੇਠ ਲਿਖੀ ਸੂਚੀ 1, 2 ਅਤੇ 3 ਦੇ ਅਨੁਸਾਰ (ਜਿਵੇਂ ਲਾਗੂ ਹੋਵੇ) ਪੇਸ਼ ਕੀਤਾ ਜਾਣਾ ਚਾਹੀਦਾ ਹੈ।

**ਸੂਚੀ-1 ਸ਼ਹਿਰੀ ਡਿਸਟ੍ਰੀਬਿਊਟਰ ਦੇ ਲਈ ਅਮੋੜਵੀਂ (Non-refundable) ਅਰਜ਼ੀ ਫੀਸ**

| ਸ਼੍ਰੇਣੀ | ਅਮੋੜਵੀਂ (Non-refundable) ਅਰਜ਼ੀ ਫੀਸ |
|---|---|
| ਖੁੱਲ੍ਹੀ ਸ਼੍ਰੇਣੀ | ਰੁਪਏ 10,000 (ਦਸ ਹਜ਼ਾਰ ਰੁਪਏ ਕੇਵਲ) |
| ਓ ਬੀ ਸੀ | ਰੁਪਏ 5,000 (ਪੰਜ ਹਜ਼ਾਰ ਰੁਪਏ ਕੇਵਲ) |
| ਐੱਸ ਸੀ/ਐੱਸ ਟੀ | ਰੁਪਏ 3,000 (ਤਿੰਨ ਹਜ਼ਾਰ ਰੁਪਏ ਕੇਵਲ) |

**ਸੂਚੀ-2 ਦਿਹਾਤੀ ਡਿਸਟ੍ਰੀਬਿਊਟਰ ਦੇ ਲਈ ਅਮੋੜਵੀਂ (Non-refundable) ਅਰਜ਼ੀ ਫੀਸ**

| ਸ਼੍ਰੇਣੀ | ਅਮੋੜਵੀਂ (Non-refundable) ਅਰਜ਼ੀ ਫੀਸ |
|---|---|
| ਖੁੱਲ੍ਹੀ ਸ਼੍ਰੇਣੀ | ਰੁਪਏ 8,000 (ਅੱਠ ਹਜ਼ਾਰ ਰੁਪਏ ਕੇਵਲ) |
| ਓ ਬੀ ਸੀ | ਰੁਪਏ 4,000 (ਚਾਰ ਹਜ਼ਾਰ ਰੁਪਏ ਕੇਵਲ) |
| ਐੱਸ ਸੀ/ਐੱਸ ਟੀ | ਰੁਪਏ 2,500 (ਦੋ ਹਜ਼ਾਰ ਪੰਜ ਸੌ ਰੁਪਏ ਕੇਵਲ) |

**ਸੂਚੀ-3 ਦਿਹਾਤੀ ਡਿਸਟ੍ਰੀਬਿਊਟਰ ਦੇ ਲਈ ਅਮੋੜਵੀਂ (Non-refundable) ਅਰਜ਼ੀ ਫੀਸ**

| ਸ਼੍ਰੇਣੀ | ਅਮੋੜਵੀਂ (Non-refundable) ਅਰਜ਼ੀ ਫੀਸ |
|---|---|
| ਖੁੱਲ੍ਹੀ ਸ਼੍ਰੇਣੀ | ਰੁਪਏ 8,000 (ਅੱਠ ਹਜ਼ਾਰ ਰੁਪਏ ਕੇਵਲ) |
| ਓ ਬੀ ਸੀ | ਰੁਪਏ 4,000 (ਚਾਰ ਹਜ਼ਾਰ ਰੁਪਏ ਕੇਵਲ) |
| ਐੱਸ ਸੀ/ਐੱਸ ਟੀ | ਰੁਪਏ 2,500 (ਦੋ ਹਜ਼ਾਰ ਪੰਜ ਸੌ ਰੁਪਏ ਕੇਵਲ) |

7. ਸ਼ਹਿਰੀ ਅਤੇ ਦਿਹਾਤੀ ਵੰਡ ਸਥਾਨਾਂ ਦੇ ਲਈ ਅਰਜ਼ੀ ਵੈੱਬਸਾਈਟ **www.lpgvitarakchayan.in** 'ਤੇ ਮੁਕੰਮਲ ਰੂਪ ਨਾਲ ਆਨਲਾਈਨ ਹੀ ਭਰੀ ਜਾਣੀ ਹੈ ਅਤੇ ਅਮੋੜਵੀਂ (Non-refundable) ਅਰਜ਼ੀ ਫੀਸ ਆਨਲਾਈਨ ਤਬਾਦਲਾ ਮੋਡ (NEFT, RTGS) ਦੁਆਰਾ ਤਬਦੀਲ ਕਰਦੇ ਹੋਏ ਅਰਜ਼ੀ ਦੇ ਨਾਲ ਮਿਤੀ (27.1.2017) ਦਫਤਰ ਦੇ ਬੰਦ ਹੋਣ ਤੋਂ ਪਹਿਲਾਂ ਪੇਸ਼ ਕੀਤੀ ਜਾਵੇ।
8. ਦੂਰ-ਦੁਰਾਡੇ ਖੇਤਰਾਂ ਦੇ ਡਿਸਟ੍ਰੀਬਿਊਟਰਾਂ ਲਈ ਦਿੱਤੀ ਗਈ ਅਰਜ਼ੀ ਪੂਰੀ ਤਰ੍ਹਾਂ ਭਰ ਕੇ ਸਾਰੇ ਸੰਲਗਨਾਂ ਦੇ ਨਾਲ ਕਿਸੇ ਵੀ ਅਨੁਸੂਚਿਤ ਬੈਂਕ ਦੇ ਨਾਂ 'ਤੇ ਪਲੈੱਜਡ ਅਮੋੜਵੇਂ ਅਰਜ਼ੀ ਫੀਸ ਦੇ ਡਿਮਾਂਡ ਡਰਾਫਟ/ਪੇ-ਆਰਡਰ ਦੇ ਨਾਲ ਮਿਤੀ 27.1.2017 ਤਕ ਹੇਠ ਲਿਖੇ ਦਫਤਰ ਦੇ ਪਤੇ 'ਤੇ ਦਫਤਰ ਦਾ ਸਮਾਂ ਖਤਮ ਹੋਣ ਤੋਂ ਪਹਿਲਾਂ ਪਹੁੰਚ ਜਾਵੇ।

| ਪ੍ਰਕਾਸ਼ਿਤ ਲੋਕੇਸ਼ਨ ਦਾ ਲੜੀ ਨੰ. | | ਕਿਸੇ ਵੀ ਅਨੁਸੂਚਿਤ ਬੈਂਕ ਦੇ ਪੱਖ ਵਿਚ ਭੁਗਤਾਨਯੋਗ ਡਿਮਾਂਡ ਡਰਾਫਟ/ਪੇ ਆਰਡਰ ਦਾ ਵੇਰਵਾ | ਭੁਗਤਾਨ ਦਾ ਸਥਾਨ | ਸਾਰੇ ਸੰਲਗਨਾਂ ਅਤੇ ਅਰਜ਼ੀ ਫੀਸ ਦੇ ਨਾਲ ਅਰਜ਼ੀ ਜਮ੍ਹਾ ਕਰਨ ਲਈ ਦਫਤਰ ਦਾ ਪਤਾ |
|---|---|---|---|---|
| ਤੋਂ | ਤਕ | | | |
| 26 | 26 | ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ | ਚੰਡੀਗੜ੍ਹ | ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ, ਐੱਲ. ਪੀ. ਜੀ. ਡਿਸਟ੍ਰੀਬਿਊਟਰ ਚੋਣ ਕਮਰਾ, ਪਲਾਟ ਨੰ. 6 ਏ, ਤੇਲ ਭਵਨ, ਸੈਕਟਰ-19 ਬੀ, ਮੱਧ ਮਾਰਗ, ਚੰਡੀਗੜ੍ਹ ਪਿਨ—160019 |

**9. ਜਨਰਲ**

ਓ ਕੰਪਨੀ ਦੇ ਕੋਲ ਕੋਈ ਵੀ ਕਾਰਨ ਦੱਸੇ ਬਿਨਾਂ ਆਪਣੀ ਸਮਝ ਅਨੁਸਾਰ ਇਸ ਇਸ਼ਤਿਹਾਰ ਨੂੰ ਰੱਦ ਕਰਨ/ਵਾਪਸ ਲੈਣ/ਸੋਧ ਕਰਨ/ਜਾਂ ਨਿਰਧਾਰਿਤ ਮਿਤੀ ਨੂੰ ਅੱਗੇ ਵਧਾਉਣ ਦਾ ਅਧਿਕਾਰ ਹੋਵੇਗਾ।

ਅ ਬਿਨੈਕਾਰ ਇਕ ਸਥਾਨ ਦੇ ਲਈ ਕੇਵਲ ਇਕ ਹੀ ਅਰਜ਼ੀ ਦੇ ਸਕਦੇ ਹਨ। ਜੇ ਇਕ ਵਿਅਕਤੀ ਤੋਂ ਇਕ ਤੋਂ ਵੱਧ ਅਰਜ਼ੀਆਂ ਪ੍ਰਾਪਤ ਹੋ ਜਾਣ ਤਾਂ ਐਡਜਸਟ ਕਰਕੇ ਇਕ ਹੀ ਅਰਜ਼ੀ ਮੰਨੀ ਜਾਵੇਗੀ ਅਤੇ ਹੋਰ ਸਾਰੀਆਂ ਅਰਜ਼ੀਆਂ ਦੀ ਫੀਸ ਜ਼ਬਤ ਕਰ ਲਈ ਜਾਵੇਗੀ।

ੲ ਦੂਰ-ਦੁਰਾਡੇ ਖੇਤਰੀ ਡਿਸਟ੍ਰੀਬਿਊਟਰ ਦੇ ਲਈ ਬਿਨੈਕਾਰ ਇਹ ਯਕੀਨੀ ਬਣਾਉਣ ਕਿ ਉਨ੍ਹਾਂ ਦੇ ਅਰਜ਼ੀ ਫਾਰਮ ਦੇ ਸਾਰੇ ਸਫਿਆਂ ਅਤੇ ਨਾਲ ਨੱਥੀ ਹਲਫਨਾਮੇ/ਐਲਾਨਨਾਮੇ ਸਾਰਿਆਂ ਉੱਪਰ ਦਸਤਖਤ ਕੀਤੇ ਗਏ ਹੋਣ ਅਤੇ ਸਫਾ ਨੰ. ਲਿਖੇ ਗਏ ਹੋਣ। ਸਾਰੇ ਐਲਾਨਨਾਮਿਆਂ ਅਤੇ ਹਲਫਨਾਮਿਆਂ ਦੀ ਅਸਲ ਕਾਪੀ ਹੀ ਅਰਜ਼ੀ ਦੇ ਨਾਲ ਜਮ੍ਹਾ ਕੀਤੀ ਜਾਵੇ। ਕੇਵਲ ਅਰਜ਼ੀ ਪ੍ਰੋਫਾਰਮੇ ਵਿਚ ਦਿੱਤੇ ਗਏ ਦਸਤਾਵੇਜ਼ਾਂ ਨੂੰ ਹੀ ਅਰਜ਼ੀ ਦੇ ਨਾਲ ਜਮ੍ਹਾ ਕੀਤਾ ਜਾਵੇ। ਅਰਜ਼ੀ ਦੇ ਨਾਲ ਨੱਥੀ ਕਿਸੇ ਹੋਰ ਦਸਤਾਵੇਜ਼ (ਦਸਤਾਵੇਜ਼ਾਂ) ਉੱਪਰ ਵਿਚਾਰ ਨਹੀਂ ਕੀਤਾ ਜਾਵੇਗਾ।

ਸ ਡਾਕ 'ਚ ਦੇਰੀ ਸਮੇਤ ਕੱਟ ਆਫ ਡੇਟ ਤੋਂ ਬਾਅਦ ਦੂਰ-ਦੁਰਾਡੇ ਖੇਤਰੀ ਡਿਸਟ੍ਰੀਬਿਊਟਰਾਂ ਦੇ ਸਥਾਨਾਂ ਲਈ ਪ੍ਰਾਪਤ ਅਰਜ਼ੀ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਕੋਈ ਚਿੱਠੀ ਪੱਤਰ ਅਜਿਹੇ ਮਾਮਲਿਆਂ ਵਿਚ ਸੰਬੰਧਤ ਤੇਲ ਕੰਪਨੀ ਵਲੋਂ ਸਵੀਕਾਰ ਨਹੀਂ ਕੀਤਾ ਜਾਵੇਗਾ।

ਹ 'ਖੁੱਲ੍ਹੀ' ਸ਼੍ਰੇਣੀ ਦੇ ਤਹਿਤ ਇਸ਼ਤਿਹਾਰਿਤ ਸਥਾਨਾਂ ਨੂੰ ਛੱਡ ਕੇ ਹੋਰ ਸ਼੍ਰੇਣੀਆਂ ਦੇ ਲਈ ਯੋਗਤਾ ਪ੍ਰਮਾਣ ਪੱਤਰ (ਪ੍ਰਮਾਣ ਪੱਤਰਾਂ) ਦਾ ਅਰਜ਼ੀ ਨਾਲ ਜਮ੍ਹਾ/ਅਪਲੋਡ ਕੀਤਾ ਜਾਣਾ ਜ਼ਰੂਰੀ ਹੈ। ਹਾਲਾਂਕਿ ਸਾਬਕਾ ਫੌਜੀ ਸ਼੍ਰੇਣੀ ਦੇ ਤਹਿਤ ਅਰਜ਼ੀ ਦੇਣ ਵਾਲੇ ਬਿਨੈਕਾਰਾਂ ਦੇ ਕੋਲ ਲਾਟ ਦੇ ਡਰਾਅ ਦੇ ਦਿਨ ਵੀ ਡਰਾਅ ਤੋਂ ਪਹਿਲਾਂ ਜੀ. ਜੀ. ਆਰ. ਤੋਂ ਜਾਰੀ ਕੀਤੇ ਗਏ ਮੂਲ ਯੋਗਤਾ ਸਰਟੀਫਿਕੇਟ ਜਾਰੀ ਕਰਨ ਦਾ ਬਦਲ ਹੋਵੇਗਾ।

ਕ ਜੇ ਅਰਜ਼ੀ ਫਾਰਮ ਅਤੇ ਉਸ ਦੇ ਨਾਲ ਨੱਥੀ ਦਸਤਾਵੇਜ਼ਾਂ ਵਿਚ ਜਾਂ ਅਰਜ਼ੀ ਦੇ ਸੰਦਰਭ ਵਿਚ ਮਗਰੋਂ ਬਿਨੈਕਾਰ ਵਲੋਂ ਕਿਸੇ ਵੀ ਸਮੇਂ ਕਿਸੇ ਵੀ ਪੱਧਰ 'ਤੇ ਦਿੱਤੀ ਗਈ ਸੂਚਨਾ ਛੁਪਾਈ ਗਈ ਹੋਵੇ/ਗਲਤ ਰੂਪ ਨਾਲ ਪੇਸ਼ ਕੀਤੀ ਗਈ ਹੋਵੇ/ਗਲਤ ਜਾਂ ਝੂਠੀ ਪਾਈ ਗਈ ਹੋਵੇ ਜੋ ਕਿ ਯੋਗਤਾ ਉੱਪਰ ਉਲਟ ਪ੍ਰਭਾਵ ਪਾਉਂਦੀ ਹੋਵੇ ਤਾਂ ਅਰਜ਼ੀ ਨੂੰ ਬਿਨਾਂ ਕੋਈ ਕਾਰਨ ਦੱਸੇ ਰੱਦ ਕੀਤਾ ਜਾ ਸਕਦਾ ਹੈ ਅਤੇ ਜੇ ਬਿਨੈਕਾਰ ਨੂੰ ਡਿਸਟ੍ਰੀਬਿਊਟਰ ਦੇ ਰੂਪ ਵਿਚ ਨਿਯੁਕਤ ਕੀਤਾ ਜਾ ਚੁੱਕਾ ਹੈ ਤਾਂ ਉਸ ਦੀ ਡਿਸਟ੍ਰੀਬਿਊਟਰਸ਼ਿਪ ਖਤਮ ਕੀਤੀ ਜਾ ਸਕਦੀ ਹੈ। ਅਜਿਹੇ ਮਾਮਲਿਆਂ ਵਿਚ ਬਿਨੈਕਾਰ ਡਿਸਟ੍ਰੀਬਿਊਟਰ ਦਾ ਸੰਬੰਧਤ ਤੇਲ ਕੰਪਨੀ ਦੇ ਵਿਰੁੱਧ ਕੋਈ ਦਾਅਵਾ ਸਵੀਕਾਰ ਨਹੀਂ ਹੋਵੇਗਾ।

ਖ ਦੂਰ-ਦੁਰਾਡੇ ਖੇਤਰਾਂ ਦੇ ਡਿਸਟ੍ਰੀਬਿਊਟਰ ਦੇ ਲਈ ਬਾਕਾਇਦਾ ਭਰੇ ਹੋਏ ਅਰਜ਼ੀ ਫਾਰਮ ਨੂੰ ਭੇਜਣ ਵਾਲੇ ਲਿਫਾਫੇ ਉੱਪਰ ਸਾਫ-ਸਾਫ ਅੱਖਰਾਂ ਵਿਚ ਹੇਠ ਲਿਖੇ ਅਨੁਸਾਰ ਲਿਖਿਆ ਜਾਵੇ

"ਇਹ ਅਰਜ਼ੀ ਫਾਰਮ.....................(ਤੇਲ ਕੰਪਨੀ ਦਾ ਨਾਂ) ਦੀ.........................ਸਥਾਨ ਦੇ ਲਈ ਐੱਲ ਪੀ ਜੀ ਡਿਸਟ੍ਰੀਬਿਊਟਰਸ਼ਿਪ ਦੇ ਲਈ ਹੈ।"

(ਗ) ਇਹ ਪੂਰੀ ਤਰ੍ਹਾਂ ਇਕ ਵਪਾਰਕ ਪ੍ਰਸਤਾਵ ਹੈ ਅਤੇ ਇਹ ਸੰਬੰਧਤ ਤੇਲ ਕੰਪਨੀ ਵਿਚ ਨੌਕਰੀ ਦੇ ਲਈ ਅਰਜ਼ੀ ਨਹੀਂ ਹੈ ਅਤੇ ਇਸ ਵਿਚ ਸਾਧਾਰਨ ਵਪਾਰਕ ਜੋਖਮ ਸ਼ਾਮਲ ਹੈ। ਨਾਲ ਹੀ ਇਹ ਪ੍ਰਸਤਾਵ ਕਿਸੇ ਵੀ ਤਰ੍ਹਾਂ ਦੇ ਨਿਸ਼ਚਿਤ ਲਾਭ ਜਾਂ ਨੁਕਸਾਨ ਦੀ ਗਾਰੰਟੀ ਨਹੀਂ ਦਿੰਦਾ।

(ਘ) ਇਹ ਕੇਵਲ ਅਰਜ਼ੀ ਪੱਤਰ ਹੈ ਅਤੇ ਐੱਲ. ਪੀ. ਜੀ. ਡਿਸਟ੍ਰੀਬਿਊਟਰਸ਼ਿਪ ਲਈ ਪ੍ਰਸਤਾਵ ਨਹੀਂ ਹੈ।

(ਙ) ਜੇ ਇਸ ਇਸ਼ਤਿਹਾਰ ਦੇ ਹਿੰਦੀ ਅੰਕ ਅਤੇ ਪੰਜਾਬੀ ਅੰਕ 'ਚ ਕੋਈ ਫਰਕ ਪਾਇਆ ਜਾਵੇ ਤਾਂ ਇਸ ਦੇ ਲਈ ਹਿੰਦੀ ਅੰਕ ਵਿਚ ਪੇਸ਼ ਨਿਰਦੇਸ਼/ਜਾਣਕਾਰੀ ਹੀ ਲਾਗੂ ਹੋਵੇਗੀ।